
ਅਗੂਤੀ
ਜੁਲਾਈ, 1983
75-ਪੈਸੇ

(ਕਹਾਣੀ)

# ਦੋ ਮੇਖਾਂ

●

ਏ. ਐਸ. ਬਲਗੀਰ

ਅੱਜ ਮੈਂ ਬੜਾ ਖੁਸ਼ ਸਾਂ ਕਿਉਂਕਿ 15 ਕੁ ਦਿਨ ਗੈਸਟ ਹਾਊਸ ਵਿੱਚ ਰਹਿਣ ਬਾਅਦ ਸਰਕਾਰੀ ਕੁਆਟਰ ਅਲਾਟ ਹੋ ਗਿਆ ਸੀ। ਪਹਿਲੇ ਸਾਹਿਬ ਦੀ ਬਦਲੀ ਹੋ ਗਈ ਸੀ ਅਤੇ ਉਸ ਦੀ ਜਗਾਹ ਤੇ ਮੈਂ ਆਇਆ ਸਾਂ। ਕੁਆਟਰ ਖਾਲੀ ਕੀਤੇ ਨੂੰ 6 ਦਿਨ ਹੋ ਗਏ ਸਨ। ਮੈਨੂੰ ਚਾਬੀ ਦੇਣ ਤੋਂ ਪਹਿਲਾਂ ਐੱਸਟੇਟ ਇੰਨਚਾਰਜ ਦੇ ਨਮਾਇੰਦੇ ਨੇ ਕੁਆਟਰ ਦਾ ਤਾਲਾ ਖੋਲ੍ਹਿਆ ਤਾਂ ਕਿ ਮੈਂ ਉਸਦੀ ਹਾਲਤ ਅੰਦਰੋਂ ਉਸਦੀ ਹਾਜ਼ਰੀ ਵਿੱਚ ਹੀ ਦੇਖ ਸਕਾਂ। ਹਾਲੇ ਭੀ ਫਰਸ਼ ਤੇ ਅਖ਼ਬਾਰਾਂ ਦੇ ਕਾਗਜ਼ ਰੁਲ ਰਹੇ ਸਨ। ਕਿਤੇ ਖੂੰਜਿਆਂ ਵਿੱਚ ਟੁਟੀਆਂ ਬੋਤਲਾਂ ਪਈਆਂ ਸਨ ਅਤੇ ਕਿਤੇ ਦੁਆਈ ਵਾਲੀਆਂ ਛੋਟੀਆਂ ਸ਼ੀਸ਼ੀਆਂ। ਇਕ ਦੋ ਦੀਵਾਰਾਂ ਤੇ ਫੋਟੋਆਂ ਥੱਪੀਆਂ ਹੋਈਆਂ ਸਨ ਅਤੇ ਅੱਧੀਆਂ ਕੁ ਫਟੀਆਂ ਨਜ਼ਰ ਆ ਰਹੀਆਂ ਸਨ। ਕਿੱਲਾਂ ਗੱਡ ਗੱਡ ਕੇ ਬੈਠਕ ਦੀਆਂ ਦੀਵਾਰਾਂ ਭੱਦੀਆਂ ਲੱਗ ਰਹੀਆਂ ਸਨ। ਗੁਸਲਖਾਨੇ ਅਤੇ ਰਸੋਈ ਦੀ ਹਾਲਤ ਭੀ ਤਰਸਯੋਗ ਸੀ।

ਅਗਲੇ ਦਿਨ ਮੈਂ ਐੱਸਟੇਟ ਆਫਿਸ ਦੇ ਫੋਰਮੈਨ ਨੂੰ ਫੋਨ ਕੀਤਾ ਅਤੇ ਸਾਰੇ ਕੁਆਟਰ ਵਿੱਚ ਅੱਛੀ ਤਰ੍ਹਾਂ ਸਫੈਦੀ ਕਰਾਉਣ ਲਈ ਕਿਹਾ। ਉਹ ਬੋਲਿਆ, "ਸਾਹਿਬ, ਅਸਾਂ ਗੁਸਲਖਾਨੇ ਅਤੇ ਰਸੋਈ ਦੀ ਸਫਾਈ ਤਾਂ ਕਰਵਾ ਸਕਦੇ ਹਾਂ ਪਰ ਪੂਰੇ ਕੁਆਟਰ ਦੀ ਸਫੈਦੀ ਕਰਵਾਉਣ ਲਈ ਸਾਨੂੰ ਉਪਰੋਂ ਹੁਕਮ ਚਾਹੀਦਾ ਹੈ।"

"ਠੀਕ ਹੈ, ਤੁਸੀਂ ਸਫੈਦੀ ਤਾਂ ਸ਼ੁਰੂ ਕਰਵਾਉ। ਬਾਕੀ ਹਿੱਸੇ ਦੀ ਮੈਂ ਆਪਣੀ ਵਲੋਂ ਪੈਸੇ ਖਰਚ ਕੇ ਸਫੈਦੀ ਚੂਨਾ ਖਰੀਦ ਦਿਆਂਗਾ," ਮੈਂ ਜੁਆਬ ਦਿੱਤਾ।

ਸਫਾਈ ਹੋ ਜਾਣ ਤੋਂ ਬਾਅਦ ਮੈਂ ਇਕ ਇਕ ਕਰਕੇ ਸਾਰਾ ਸਾਮਾਨ ਕੁਆਟਰ ਵਿੱਚ ਟਿਕਾ ਲਿਆ। 10 ਦਿਨਾਂ ਬਾਅਦ ਛੁੱਟੀ ਲੈ ਕੇ ਪਤਨੀ ਨੂੰ ਘਰੋਂ ਲੈਣ ਚਲਾ ਗਿਆ। ਉਸ ਦੇ ਆਉਣ ਨਾਲ ਕੁਆਟਰ ਦੀ ਰੌਣਕ ਹੋਰ ਵਧ ਗਈ। ਇਕ ਦਿਨ ਉਸ ਨੇ ਸਲਾਹ ਦਿੱਤੀ ਕਿ ਜੇ ਸਾਡੀ ਬੈਠਕ ਵਿੱਚ ਕਸ਼ਮੀਰ ਵਾਲਾ ਵੱਡਾ ਦਰਿਸ਼ ਲਗ ਜਾਵੇ ਤਾਂ ਸ਼ੋਭਾ ਵਧ ਜਾਵੇਗੀ। ਮੈਂ ਕਿਹਾ ਕਿ ਕਿਸੇ ਛੁਟੀ ਵਾਲੇ ਦਿਨ ਆਪ ਹੀ ਲਗਾ ਲਵਾਂਗੇ। ਫਿਰ ਖਿਆਲ ਆਇਆ ਕਿ ਪਹਿਲਾਂ ਹੀ ਬੈਠਕ ਦੀਆਂ ਦੀਵਾਰਾਂ ਚੂਨਾ ਭਰ ਭਰ ਕੇ ਮੁਸ਼ਕਲ ਨਾਲ ਠੀਕ ਕਰਵਾਈਆਂ ਸਨ। ਕਿਉਂ ਨਾ ਆਪਣੇ ਐੱਸਟੇਟ ਆਫਿਸ ਦੇ ਕਿਸੇ ਅੱਛੇ ਕਾਰੀਗਰ ਨੂੰ ਬੁਲਾ ਕੇ ਗੱਟੀਆਂ ਲਗਾ ਕੇ ਦੋ ਮੇਖਾਂ ਲਗਵਾਈਏ। ਫੈਸਲਾ ਸਰਬ-ਸੰਮਤੀ ਨਾਲ ਪਾਸ ਹੋ ਗਿਆ। ਛੋਟੀ ਮੋਟੀ ਮੁਰੰਮਤ ਕਰਨਾ ਅਤੇ ਟੁਟੇ ਫੁਟੇ ਖਿੜਕੀ ਦਰਵਾਜੇ ਨੂੰ ਠੀਕ ਕਰਵਾਉਣਾ ਐਸਟੇਟ ਆਫਿਸ ਦੇ ਅਧੀਨ ਸੀ ਜੋ ਸਾਡੇ ਕਾਰਖਾਨੇ ਦਾ ਇਕ ਅੰਗ ਸੀ।

ਅਗਲੇ ਦਿਨ ਦਫਤਰ ਜਾ ਕੇ ਮੈਂ 10 ਕੁ ਵਜੇ ਐੱਸਟੇਟ ਆਫਿਸ ਨੂੰ ਫੋਨ ਘੁਮਾਇਆ।

ਲਉ ਸਾਹਿਬ, ਇਹ ਤਾਂ ਛੋਟਾ ਜਿਹਾ ਕੰਮ ਕਿਹਾ ਤੁਸਾਂ। ਕੋਈ ਹੋਰ ਵੱਡਾ ਕੰਮ ਹੋਵੇ ਤਾਂ ਦੱਸੋ ਸਾਨੂੰ। ਖੈਰ, ਇਸ ਕੰਮ ਲਈ ਪਹਿਲੇ ਲਕੜੀ ਦੀਆਂ ਦੋ ਗੱਟੀਆਂ ਲਗਾ ਦੇਵਾਂਗੇ ਅਤੇ ਫਿਰ ਉੱਤੇ ਮੇਖਾਂ ਜੜ੍ਹ ਦੇਵਾਂਗੇ। ਅੱਜ ਤਾਂ ਸਾਹਿਬ, ਬੰਦੇ ਹੋਰ ਪਾਸੇ ਭੇਜੇ ਹੋਏ ਹਨ। ਅਗਲੇ ਹਫਤੇ ਭੇਜ ਦੇਵਾਂਗਾ। ਫੋਰਮੈਨ ਫੋਨ ਤੇ ਬੋਲਿਆ।

"ਠੀਕ ਹੈ, ਮੈਨੂੰ ਅਗਲੇ ਹਫਤੇ ਇਸ ਕੰਮ ਲਈ ਦੁਬਾਰਾ ਯਾਦ ਨਾ ਕਰਵਾਉਣਾ ਪਏ" ਮੈਂ ਫੋਨ ਰੱਖਦੇ ਉਸਨੂੰ ਪੱਕਾ ਕਰਦੇ ਪੁਛਿਆ।

ਪਹਿਲਾ ਹਫਤਾ ਗੁਜਰ ਗਿਆ। ਦੂਸਰਾ ਵੀ ਨਿਕਲ ਗਿਆ। ਕਾਰਖਾਨੇ ਦੇ ਕੰਮ ਵਿੱਚ ਰੁਝ ਕੇ ਮੈਂ ਵੀ ਭੁਲ ਗਿਆ। ਇਕ ਦਿਨ ਸਵੇਰੇ ਦਫਤਰ ਜਾਣ ਲਗੇ ਤਾਂ ਘਰ ਵਾਲੀ ਨੇ ਯਾਦ ਕਰਵਾਇਆ ਕਿ ਐਸਟੇਟ ਆਫਿਸ ਵਾਲਿਆਂ ਵਲੋਂ ਹਾਲੇ ਤੱਕ ਤਾਂ ਕੋਈ ਨਹੀਂ ਬਹੁੜਿਆ।

ਅੱਛਾ, ਮੈਂ ਅੱਜ ਹੀ ਫੋਨ ਕਰਕੇ ਪਤਾ ਕਰਦਾ ਹਾਂ। ਵੈਸੇ ਜੇ ਇਧਰ ਕਿਸੇ ਕੁਆਟਰ ਵਿਚ ਕੋਈ ਐਸਟੇਟ ਵਾਲਾ ਕਾਮਾ ਨਜ਼ਰ ਆ ਗਿਆ ਤਾਂ ਉਸੇ ਨੂੰ ਬੁਲਾ ਕੇ ਕੰਮ ਕਰਵਾ ਲੈਣਾ ਕਿਹੜਾ ਜ਼ਿਆਦਾ ਕੰਮ ਹੈ," ਮੈਂ ਜੁਆਬ ਦਿੱਤਾ।

"ਮੈਨੂੰ ਇਸ ਨਵੀਂ ਕਲੋਨੀ ਵਿਚ ਕੀ ਪਤਾ ਲਗੇ ਕਿ ਇਥੇ ਐਸਟੇਟ ਆਫਿਸ ਵਾਲੇ ਕਾਮੇ ਕੌਣ ਅਤੇ ਪ੍ਰਾਈਵੇਟ ਆਦਮੀ ਕੌਣ ?" ਘਰ ਵਾਲੀ ਉੱਕਾ ਨਾਂਹ ਕਰਦੀ ਬੋਲੀ।

ਮੈਂ ਦਫਤਰ ਪਹੁੰਚਿਆ। ਆਫਿਸ ਦੇ ਕੰਮ ਤੋਂ ਸਿਰ ਖੁਰਕਣ ਨੂੰ ਵੀ ਵਿਹਲ ਨਾ ਮਿਲਦੀ। ਨਵੇਂ ਕੰਮ ਨੂੰ ਸਮਝਣ ਲਈ ਵੀ ਕੁਝ ਸਮਾਂ ਚਾਹੀਦਾ ਸੀ। ਦਫਤਰ ਪਹੁੰਚਦਿਆਂ ਹੀ ਫੋਨ ਤੇ ਫੋਨ ਆਉਣ ਲਗ ਪੈਂਦੇ। ਕਿਤੇ ਪੁਰਾਣੀ ਮਸ਼ੀਨ ਵਿਗੜ ਜਾਂਦੀ ਅਤੇ ਕਿਤੇ ਚੰਗੀ ਭਲੀ ਨਵੀਂ ਨਾ ਚਲਦੀ। ਕਦੇ ਕਿਸੇ ਦਫਤਰ ਦੀ ਮੀਟਿੰਗ ਅਤੇ ਕਦੇ ਕਿਸੇ ਕਾਰੀਗਰ, ਕਾਮੇ ਜਾਂ ਸਟਾਫ ਦੀ ਬਦਲੀ ਜਾਂ ਵਦਾਇਗੀ ਤੇ ਛੋਟਾ ਭਾਸ਼ਣ ਦੇਣਾ ਪੈਂਦਾ। ਇੰਜ ਆਪਣਾ ਕੰਮ ਕਰਵਾਉਣ ਦੀ ਸੁੱਧ ਬੁੱਧ ਭੁੱਲੀ ਰਹਿੰਦੀ।

ਸ਼ਾਮ ਵੇਲੇ ਘਰ ਪਹੁੰਚਿਆ ਤਾਂ ਪਤਨੀ ਦਾ ਮੂੰਹ ਦੇਖ ਕੇ ਫੋਟੋ ਲਗਵਾਉਣ ਦੀ ਯਾਦ ਆਈ। ਬਗੈਰ ਕੋਈ ਬਹਾਨਾ ਬਣਾਏ ਬੋਲਿਆ, ਬਈ ਅੱਜ ਤਾਂ ਅਸੀ ਹੀ ਭੁਲ ਗਏ ਹਾਂ। ਚੰਗਾ, ਕਲ੍ਹ ਨੂੰ ਪਕਾ ਯਾਦ ਨਾਲ ਫਿਰ ਫੋਨ ਕਰਾਂਗਾ। ਗੱਟੀਆਂ ਤਾਂ ਮੈਂ ਹੀ ਲਗਾ ਦਿੰਦਾ ਪਰ ਆਪਣੇ ਪਾਸ ਪੂਰਾ ਸਾਮਾਨ ਵੀ ਨਹੀਂ ਹੈ। ਚਲੋ, ਕਲ੍ਹ ਤਾਂ ਪਕਾ ਰਿਹਾ।'

"ਦੇਖਦੇ ਹਾਂ ਇਸ ਸਾਲ ਸੀਨਰੀ ਲਗ ਜਾਏਗੀ ਕਿ ਨਹੀਂ ?" ਉਹ ਸ਼ਾਮ ਦੀ ਚਾਹ ਪਕੜਾਂਦੇ ਬੋਲੀ।

"ਨਹੀਂ ਐਸੀਂ ਗੱਲ ਨਹੀਂ। ਚਾਂਦਨੀ ਦੀਵਾਲੀ ਤਕ ਤਾਂ ਜ਼ਰੂਰ ਲਗਵਾ ਕੇ ਦੇਵਾਂਗਾ", ਮੈਂ ਉਸ ਦਾ ਦਿਲ ਰੱਖਦੇ ਬੋਲਿਆ।

ਅੱਜ ਫਿਰ ਦਫਤਰ ਜਾਣ ਲਗਾ ਤਾਂ ਪਤਨੀ ਨੇ ਛੋਟੇ ਜਿਹੇ ਕਾਗਜ਼ ਤੇ ਐੱਸਟੇਟ ਆਫਿਸ ਵਾਲਿਆਂ ਨੂੰ ਫੋਨ ਕਰਨ ਲਈ ਲਿਖ ਕੇ ਦਿੱਤਾ। ਛੋਟਾ ਕਾਗਜ਼ ਹੋਣ ਕਰਕੇ ਉਹ ਜ਼ੇਬ ਦੇ ਕਿਸੇ ਨੁੱਕਰ ਵਿਚ ਹੀ ਪਿਆ ਰਿਹਾ। ਘਰ ਦੇ ਫੋਨ ਦਾ ਪੂਰਾ ਫਾਇਦਾ ਉਠਾਂਦੇ 11 ਕੁ ਵਜੇ ਪਤਨੀ ਨੇ ਫਿਰ ਯਾਦ ਦੁਆਇਆ। ਮੈਂ ਉਸੇ ਵੇਲੇ ਐਸਟੇਟ ਆਫਿਸ ਦਾ ਨੰਬਰ ਘੁਮਾਇਆ।

ਬਈ, ਤੁਸੀਂ ਤਾਂ ਅਗਲੇ ਹਫਤੇ ਤਕ ਗੱਟੀਆਂ ਲਗਾਉਣ ਦਾ ਵਾਅਦਾ ਕੀਤਾ ਸੀ। ਕੀ ਗੱਲ ਹੈ ਗੱਟੀਆਂ ਲੰਡਨ ਤੋਂ ਆ ਰਹੀਆਂ ਹਨ ਜਾਂ ਫਿਰ ਤੁਹਾਡੇ ਬੰਦੇ ਕੰਮ ਛਡ ਕੇ ਕੁਵੈਤ, ਮਸਕਟ ਭਜ ਗਏ ਹਨ ?" ਮੈਂ ਗੁਸੇ ਨੂੰ ਰੋਕਦਾ ਬੋਲਿਆ।

''ਨਹੀਂ ਸਾਹਿਬ, ਮੈਂ ਹੁਣੇ ਪਤਾ ਕਰਕੇ ਦਸਦਾ ਹਾਂ। ਜੇ ਬੰਦੇ ਕਿਤੇ ਨਾ ਭੇਜੇ ਹੋਏ ਤਾਂ ਕਲ੍ਹ ਨੂੰ ਪੱਕਾ ਭਿਜਵਾ ਦੇਵਾਂਗਾ। ਹੁਣ ਤੁਹਾਨੂੰ ਇਸ ਲਈ ਦੁਬਾਰਾ ਫੋਨ ਕਰਨ ਦੀ ਖੇਚਲ ਨਹੀਂ ਦੇਵਾਂਗੇ.'' ਫੋਰਮੈਨ ਮੇਰੀ ਨਾ ਰਾਜ਼ ਆਵਾਜ਼ ਨੂੰ ਸਮਝਦਾ ਬੋਲਿਆ।

ਚਲੋ, ਕਲ੍ਹ ਦਾ ਵੀ ਇੰਤਜਾਰ ਕਰ ਲੈਂਦੇ ਹਾਂ। ਜਿੱਥੇ ਮਹੀਨਾ ਨਿਕਲ ਗਿਆ ਉੱਥੇ ਇਕ ਦਿਨ ਹੋਰ ਸਹੀ,'' ਮੈਂ ਫੋਨ ਰਖਦੇ ਬੋਲਿਆ।

ਸ਼ਾਮ ਦੀ ਚਾਹ ਪੀ ਕੇ ਮੈਂ ਪਤਨੀ ਨੂੰ ਸੀਨਰੀ ਟਰੰਕ ਚੋਂ ਬਾਹਰ ਕੱਢ ਕੇ ਰਖਣ ਨੂੰ ਕਿਹਾ। ਇਹ ਸੀਨਰੀ ਅਸੀਂ ਸ੍ਰੀ ਨਗਰ ਤੋਂ ਆਪਣਾ ਹਨੀਮੂਨ ਮਨਾਉਂਦਿਆਂ ਖਰੀਦੀ ਸੀ।

ਦੂਸਰੇ ਦਿਨ ਸਵੇਰੇ ਸਵੇਰੇ ਐੱਸਟੇਟ ਆਫਿਸ ਵਲੋਂ ਫੋਨ ਆਇਆ।

''ਸਾਹਿਬ, ਅਜ ਬੰਦੇ ਭੇਜ ਦਿੱਤੇ ਹਨ। ਇਕ ਦੋ ਹੋਰ ਕੁਆਟਰਾਂ ਵਿਚ ਵੀ ਕੰਮ ਸੀ। ਨਾਲ ਹੀ ਤੁਹਾਡਾ ਵੀ ਕਰ ਆਉਣਗੇ। ਸਾਹਿਬ, ਭਰਜਾਈ ਜੀ ਨੂੰ ਘਰ ਤੇ ਹੀ ਰਹਿਣ ਲਈ ਆਖ ਦੇਣਾ ਕਿਤੇ ਇੰਜ ਨਾ ਹੋਵੇ ਕਿ ਕਾਰੀਗਰ ਕੁਆਟਰ ਤੇ ਪਹੁੰਚੇ ਅਤੇ ਮਕਾਨ ਤੇ ਤਾਲਾ ਲਗਾ ਹੋਵੇ,'' ਫੋਰਮੈਨ ਸਵੇਰ ਦੀ ਖੁਸ਼ਖਬਰੀ ਦਿੰਦਾ ਬੋਲਿਆ।

ਇਕ ਪਲ ਲਈ ਮੈਂ ਸੋਚਾਂ ਵਿਚ ਖੋਹ ਗਿਆ। ਕਿਤਨਾ ਸੁੰਦਰ ਸ੍ਰੀ ਨਗਰ ਸ਼ਹਿਰ ਅਤੇ ਕਿਤਨੀ ਸੋਹਣੀ ਸੀਨਰੀ। ਕਾਰੀਗਰ ਭੀ ਬੜੇ ਧਿਆਨ ਨਾਲ ਲਗਾਏਗਾ। ਨਾਲੇ, ਡਲ੍ਹ ਝੀਲ ਨੂੰ ਯਾਦ ਕਰਕੇ ਪੁਰਾਣੇ ਦਿਨ ਤਾਜ਼ਾ ਹੋ ਜਾਇਆ ਕਰਨਗੇ ਪਰ ਜਦ ਮੈਂ ਸ਼ਾਮ ਨੂੰ ਘਰ ਪਹੁੰਚਿਆ ਤਾਂ ਬੈਠਕ ਦੀ ਦੀਵਾਰ ਪਹਿਲਾਂ ਦੀ ਤਰ੍ਹਾਂ ਸਖਣੀ ਦੀ ਸਖਣੀ ਸੀ। ਮੈਨੂੰ ਗੁਸਾ ਆ ਗਿਆ ਅਤੇ ਮੈਂ ਸਿੱਧਾ ਬੈਠਕ ਤੋਂ ਰਸੋਈਖਾਨੇ ਪਹੁੰਚਿਆ ਜਿੱਥੇ ਪਤਨੀ ਸ਼ਾਮ ਦੀ ਚਾਹ ਪੁਣ ਰਹੀ ਸੀ।

''ਕੀ ਬੰਦੇ ਅਜ ਫਿਰ ਨਹੀਂ ਆਏ ?'' ਮੈਂ ਜ਼ਰਾ ਖਰਵੀ ਆਵਾਜ਼ ਨਾਲ ਪੁੱਛਿਆ ?

''ਨਹੀਂ'' ਉਹ ਵੀ ਆਪਣੇ ਗੁੱਸੇ ਨੂੰ ਛੁਪਾਂਦੀ ਬੋਲੀ।

''ਹਾਂ ਸੱਚ, ਨਾਲ ਦੇ ਕੁਆਟਰ ਵਿੱਚ ਚਾਰ-ਪੰਜ ਬੰਦੇ ਦੇਖੇ ਸਨ। ਮੈਨੂੰ ਤਾਂ ਪਤਾ ਨਹੀਂ ਕਿ ਉਹ ਕੌਣ ਸਨ। ਉਨ੍ਹਾਂ ਨੇ 10 ਕੁ ਵਜੇ ਅੱਧਾ ਪੌਣਾ ਘੰਟਾ ਕੰਮ ਕੀਤਾ ਅਤੇ ਫਿਰ ਨਾਲ ਦੇ ਪੇੜ ਹੇਠਾਂ ਬੀੜੀਆਂ ਪੀਣ ਬੈਠ ਗਏ ਸਨ'', ਪਤਨੀ ਚਾਹ ਫੜਾਉਂਦਿਆਂ ਬੋਲੀ।

''ਹੋ ਸਕਦਾ ਹੈ ਕੋਈ ਸਖਤ ਕੰਮ ਕਰਕੇ ਹਟੇ ਹੋਣ। ਤੁਹਾਨੂੰ ਔਰਤਾਂ ਨੂੰ ਘਰ ਬੈਠਿਆਂ ਕੀ ਪਤਾ ਲਗਦਾ ਹੈ ਕਿ ਕਾਮੇਂ ਵਿਚਾਰੇ ਕਿੰਨਾਂ ਕੰਮ ਕਰਦੇ ਹਨ''? ਮੈਂ ਕਾਰੀਗਰਾਂ ਦੀ ਹਮਾਇਤ ਭਰਦੇ ਬੋਲਿਆ।

ਅਗਲੇ ਦਿਨ ਮੈਂ ਦਫਤਰ ਆਉਂਦੇ ਹੀ ਪਹਿਲਾਂ ਐਸਟੇਟ ਆਫਿਸ ਨੂੰ ਫੋਨ ਕੀਤਾ। ਫੋਰਮੈਨ ਨੇ ਜੁਆਬ ਦਿੱਤਾ ਕਿ ਅੱਜ ਸਿਰਫ ਮੇਰਾ ਕੰਮ ਕਰਨ ਲਈ ਹੀ ਬੰਦੇ ਭੇਜੇ ਸਨ। ਮੈਂ ਸਵੇਰੇ ਸਵੇਰੇ ਗੁੱਸ ਦਿਖਾਉਣ ਦੀ ਬਜਾਏ ਫੋਨ ਨੂੰ ਤੜਾਕ ਕਰਕੇ ਰਖ ਦਿਤਾ।

ਤਿੰਨ ਚਾਰ ਕਾਮੇਂ ਆਪਣੀ ਸਵੇਰੇ ਦੀ ਹਾਜ਼ਰੀ ਲਗਵਾ ਕੇ ਹੌਲੀ ਹੌਲੀ ਚਲ ਕੇ $11\frac{1}{2}$ ਵਜੇ ਤੱਕ ਕੁਆਟਰ ਤੀਕ ਪਹੁੰਚੇ। ਉਨ੍ਹਾਂ ਨੂੰ ਆਉਂਦਿਆਂ ਦੇਖ ਕੇ ਮਰੀ ਪਤਨੀ ਦਾ ਚਿਹਰਾ ਫੁਲ ਗਿਆ ਕਿ ਮੈਨੂੰ ਵਾਰ ਵਾਰ ਯਾਦ ਕਰਵਾਉਂਦੇ ਰਹਿਣ ਦਾ ਕੁਝ ਫਾਇਦਾ ਹੋਇਆ। ਉਸ ਨੇ ਕਾਰੀਗਰਾਂ ਨੂੰ ਸਮਝਾਇਆ ਕਿ ਉਹ ਕਿਥੇ ਕਿਥੇ ਦੋ ਗਟੀਆਂ ਲਗਵਾ ਕੇ ਮੇਖਾਂ ਲਗਵਾਉਣਾ ਚਾਹੁੰਦੀ ਸੀ।

''ਬੀਬੀ ਜੀ, ਕੋਈ ਸਟੂਲ ਮਿਲੇਗਾ ? ਫੋਟੋ ਥੋੜੀ ਉਚਾਈ ਤੇ ਲਗ ਸਕੇਗੀ। ਫਰਸ਼ ਤੇ ਸਿੱਧਾ ਖੜੇ ਹੋ ਕੇ ਤਾਂ ਗੱਟੀਆਂ ਲਗਾਉਣੀਆਂ ਮੁਸ਼ਕਲ ਹਨ'', ਕਾਮਿਆਂ ਵਿਚੋਂ ਵਡੇ ਕਾਰੀਗਰ ਨੇ ਕਿਹਾ।

''ਸਾਡੇ ਘਰ ਤਾਂ ਕੋਈ ਸਟੂਲ ਨਹੀਂ ਹੈ ਪਰ ਮੈਂ ਗੁਆਂਢੀ ਦੇ ਘਰੋਂ ਪੁਛ ਲੈਂਦੀ ਹਾਂ,'' ਉਹ ਜਲਦੀ ਨਾਲ ਬੋਲੀ।

ਥੋੜੀ ਦੇਰ ਬਾਅਦ ਉਹ ਆਪੇ ਹੀ ਖੁਸ਼ੀ ਖੁਸ਼ੀ ਲਕੜੀ ਦਾ ਇਕ ਭਾਰੀ ਸਟੂਲ ਉਨਾ ਕੇ ਲਿਆਈ ਅਤੇ ਇਕ ਕਾਮੇ ਨੇ ਉਸ ਕੋਲੋਂ ਪਕੜ ਕੇ ਫੋਟੋ ਲਗਾਉਣ ਵਾਲੀ ਜਗਾਹ ਤੇ ਰੱਖ ਕੇ ਵੇਖਿਆ।

''ਬੀਬੀ ਜੀ, ਇਹ ਤਾਂ ਛੋਟਾ ਹੈ। ਇਸ ਨਾਲ ਕੰਮ ਸੂਤ ਨਹੀਂ ਆਉਣਾ। ਅੱਛਾ ਅਸੀਂ ਦੁਪਹਿਰ ਨੂੰ ਪੌੜੀ ਲੈ ਕੇ ਆਵਾਂਗੇ,'' ਵੱਡਾ ਕਾਰੀਗਰ ਬੋਲਿਆ। ਉਹ ਫਿਰ ਸਾਰੇ ਪੇੜ ਹੇਠਾਂ ਬੈਠ ਕੇ ਸਿਗਰਟਾਂ ਪੀਣ ਲਗ ਪਏ ਅਤੇ $12\frac{1}{2}$ ਵਜਦਿਆਂ ਹੀ ਖਾਣਾ ਖਾਣ ਦੀ ਛੁੱਟੀ ਕਰਕੇ ਰਾਹ ਚਲਦੇ ਬਣੇ। ਸ਼ਾਮ ਪੈ ਗਈ ਪਰ ਪੌੜੀ ਨਾ ਪਹੁੰਚੀ।

ਮੈਂ ਘਰ ਆਉਂਦੇ ਪੁੱਛਿਆ, ਕਿਉਂ ਜੀ, ਅੱਜ ਤਾਂ, ਜ਼ਰੂਰ ਆਏ ਹੋਣਗੇ ?''

''ਆਏ ਸਨ ਪਰ ਪੌੜੀ ਲੈ ਕੇ ਨਹੀਂ ਸਨ ਆਏ। ਕੀ ਇਨਾਂ ਦੇ ਇੰਚਾਰਜ ਇਨਾਂ ਨੂੰ ਪਹਿਲਾਂ ਨਹੀਂ ਦਸ ਸਕਦੇ ਕਿ ਕਿਸ ਕੰਮ ਲਈ ਕਿਹੜੇ ਕਿਹੜੇ ਸਾਮਾਨ ਦੀ ਜ਼ਰੂਰਤ ਪੈਂਦੀ ਹੈ ?'' ਉਸ ਨੇ ਭੜਕ ਕੇ ਪੁੱਛਿਆ।

''ਭਾਗਵਾਨੇ, ਅਜ ਤੋਂ ਚਾਹ ਬੜੀ ਸੁਆਦ ਬਣਾਈ ਹੈ,'' ਮੈਂ ਕਾਰਖਾਨੇ ਦੀਆਂ ਗਲਾਂ ਨੂੰ ਉਲਟਾਂਦੇ ਕਿਹਾ।

ਦੂਸਰੇ ਦਿਨ ਮੈਂ ਐਸਟੇਟ ਆਫਿਸ ਦੇ ਫੋਰਮੈਨ ਨੂੰ ਫੋਨ ਤੇ ਹੀ ਨਾਰਾਜ਼ ਹੋਇਆ ਅਤੇ ਉਸ ਦੇ ਸੁਪਰਵਾਈਜ਼ਰ ਦੇ ਛੋਟੀ ਜਿਹੀ ਗੱਲ ਮਗਰ ਪਿੱਛੇ ਪੈਣਾ ਠੀਕ ਨਾ ਸਮਝਿਆ।

ਅੱਜ 9 ਵਜੇ ਹੀ ਇਕ ਕਾਮਾ ਪੌੜੀ ਲੈ ਕੇ ਕੁਆਟਰ ਤੇ ਪਹੁੰਚਿਆ ਅਤੇ ਪੌੜੀ ਰੱਖਕੇ ਜਾਣ ਲੱਗਾ ਤਾਂ ਮੇਰੀ ਘਰ ਵਾਲੀ ਨੇ ਪੁੱਛਿਆ ਕਿ ਗੱਟੀਆਂ ਕੌਣ ਲਗਾਏਗਾ। ਜੁਆਬ ਵਿੱਚ ਕਾਮਾ ਬੋਲਿਆ ਕਿ ਗੱਟੀ ਲਾਉਣ ਲਈ ਦੂਸਰੇ ਆਦਮੀ ਆਉਣਗੇ। ਉਸ ਦਾ ਕੰਮ ਤੇ ਇਕ ਜਗਾਹ ਤੋਂ ਦੂਸਰੀ ਜਗਾਹ ਪੌੜੀ ਪਹੁੰਚਾਣ ਦਾ ਸੀ। ਫਿਰ ਥੋੜ੍ਹਾ ਸੋਚ ਕੇ ਬੋਲਿਆ ਕਿ ਕਲ੍ਹ ਵਾਲੇ ਦੋ ਬੰਦੇ ਤਾਂ ਸ਼ਾਇਦ ਅੱਜ ਡਿਊਟੀ ਤੇ ਹੀ ਨਹੀਂ ਆਉਣਗੇ ਕਿਉਂਕਿ ਛੁੱਟੀ ਲੈ ਕੇ ਚਲੇ ਗਏ ਸਨ।

ਹੁਣ ਮੈਂ ਫੋਟੋ ਲਗਵਾਉਣ ਬਾਰੇ ਸੋਚਣਾ ਅਤੇ ਪੁੱਛਣਾ ਹੀ ਬੰਦ ਕਰ ਦਿੱਤਾ। ਸ਼ਾਮ ਨੂੰ ਕਦੇ ਕਦੇ ਪਤਨੀ ਨੂੰ ਆਪਣੇ ਦੋਸਤਾਂ ਮਿਤਰਾਂ ਦੇ ਘਰ ਲੈ ਜਾਂਦਾ ਅਤੇ ਕਦੇ ਸ਼ਹਿਰ ਜਾ ਕੇ ਫਿਲਮ ਦੇਖ ਆਉਂਦੇ। ਵਿਆਹ ਹੋਏ ਨੂੰ ਹਾਲੇ 6 ਕੁ ਮਹੀਨੇ ਹੀ ਹੋਏ ਸਨ।

ਦੂਸਰੇ ਦਿਨ ਨਵਾਂ ਕਾਰੀਗਰ ਗੱਟੀਆਂ ਲਾਉਣ ਆਇਆ। ਉਸ ਦੇ ਕਪੜੇ ਦੁੱਧ ਵਰਗੇ ਚਿੱਟੇ ਸਨ ਅਤੇ ਮੂੰਹ ਤੋਂ ਬੀੜੀਆਂ ਦੀ ਬੋਅ ਆ ਰਹੀ ਸੀ।

"ਅੱਜ ਬੀਬੀ ਜੀ, ਹਥੌੜੀ ਉਠਾਣੇ ਵਾਲਾ ਕਾਮਾ ਨਹੀਂ ਆਇਆ। ਮੈਂ ਦੁਪਹਿਰ ਤੋਂ ਬਾਅਦ ਕਿਸੇ ਦੂਸਰੇ ਕਾਮੇ ਨੂੰ ਫੜਕੇ ਤੁਹਾਡਾ ਕੰਮ ਕਰਵਾ ਦੇਵਾਂਗਾ। ਤੁਹਾਡੇ ਪਤੀ ਸਾਹਿਬ ਬੜੇ ਅੱਛੇ ਅਫਸਰ ਹਨ। ਤੁਸੀਂ ਫਿਕਰ ਨਾ ਕਰੋ, ਮੈਂ ਦੁਪਹਿਰ ਤੋਂ ਬਾਅਦ ਪਹਿਲਾਂ ਤੁਹਾਡੇ ਕੰਮ ਤੋਂ ਹੀ ਸ਼ੁਰੂ ਕਰਾਂਗਾ," ਇਹ ਕਹਿ ਕੇ ਉਹ ਦੁਪਹਿਰ ਦਾ ਖਾਣਾ ਖਾਣ ਚਲਾ ਗਿਆ ਅਤੇ ਉਸ ਨੇ ਸ਼ਾਮ ਤੱਕ ਮੂੰਹ ਨਾ ਦਿਖਾਇਆ।

ਅੱਜ ਪਤਨੀ ਗੁੱਸੇ ਨਾਲ ਨੱਕੋ ਨੱਕ ਭਰੀ ਹੋਈ ਸੀ। ਮੈਂ ਉਸ ਦੇ ਗੁੱਸੇ ਦਾ ਕਾਰਨ ਭਲੀ ਭਾਂਤ ਸਮਝਦਾ ਸਾਂ। ਹਸਾਉਣ ਦੇ ਮਾਰੇ ਬੋਲਿਆ, "ਅੱਜ ਦੁਪਹਿਰ ਦੇ ਖਾਣੇ ਤੇ ਕਰੇਲੇ ਕੁਝ ਕੌੜੇ ਰਹਿ ਗਏ ਸਨ।" ਉਹ ਥੋੜਾ ਠੰਡਾ ਹੋ ਕੇ ਬੋਲੀ, "ਜੇ ਇਕ ਮੇਖ ਲਗਵਾਉਣ ਲਈ ਇੰਨੇ ਦਿਨ ਲਗਦੇ ਹਨ ਤਾਂ ਦੂਸਰੇ ਕੰਮਾਂ ਨੂੰ ਭੁਗਤਾਉਣ ਲਈ ਕਿੰਨੇ ਕੁ ਵਰ੍ਹੇ ਲਗਦੇ ਹੋਣਗੇ?"

ਮੈਂ ਗੱਲ ਨੂੰ ਉਲਟਾਂਦੇ ਬੋਲਿਆ, "ਸਿਆਣਿਆਂ ਨੇ ਕਿਹਾ ਹੈ ਕਿ ਉੱਤਮ ਖੇਤੀ, ਮੱਧਮ ਵਿਉਪਾਰ, ਨਿਖਿੱਧ ਚਾਕਰੀ, ਭੀਖ ਨਾਦਾਰ। ਭਾਗਵਾਨੇ, ਜੇ ਕਿਸੇ ਨੂੰ ਨੌਕਰੀ ਪਸੰਦ ਨਾ ਆਏ ਤਾਂ ਅਸਤੀਫਾ ਦੇਣ ਤੋਂ ਕੋਈ ਨਹੀਂ ਰੋਕਦਾ।"

ਅਗਲੇ ਦਿਨ ਕਾਰੀਗਰ ਦੁਪਹਿਰ ਦੇ ਖਾਣੇ ਤੋਂ 5 ਮਿੰਟ ਪਹਿਲਾਂ ਆਇਆ। ਚਿਹਰੇ ਤੇ ਸ਼ਰਮ ਜਾਂ ਅਫਸੋਸ ਦਾ ਨਾਮੋ ਨਿਸ਼ਾਨ ਨਹੀਂ ਸੀ। ਆਉਂਦਾ ਬੋਲਿਆ, "ਬੀਬੀ ਜੀ, ਇਕ ਸਟੂਲ ਦਾ ਇੰਤਜ਼ਾਮ ਕਰ ਦੇਵੋ। ਮੈ ਖਾਣਾ ਖਾਣ ਤੋਂ ਪਹਿਲਾਂ ਸੋਚਿਆ ਕਿ ਤੁਹਾਡੀ ਫੋਟੋ ਹੀ ਲਗਾ ਦੇਵਾਂ।"

ਘਰਵਾਲੀ ਆਪਣਾ ਗੁੱਸਾ ਨਾ ਰੋਕਦੇ ਬੋਲੀ, "ਕਦੇ ਤੁਹਾਨੂੰ ਲੋਕਾਂ ਨੂੰ ਸਟੂਲ ਚਾਹੀਦਾ ਹੈ, ਕਦੇ ਪੌੜੀ ਚਾਹੀਦੀ ਹੈ, ਕਦੇ ਹਥੌੜਾ ਫੜਾਉਣ ਲਈ ਕਾਮਾ ਚਾਹੀਦਾ ਹੈ। ਜੇ ਦੋ ਗੱਟੀਆਂ ਲਾਉਣ ਦੀ ਨੀਅਤ ਹੈ ਤਾਂ ਲਗਾਉ ਨਹੀਂ ਤਾਂ ਅਸੀਂ ਆਪੇ ਕਿਸੇ ਪ੍ਰਾਈਵੇਟ ਬੰਦੇ ਕੋਲੋਂ ਕੰਮ ਕਰਾ ਲਵਾਂਗੇ। ਮੈਂ ਕੋਈ ਤੇਰੀ ਨੌਕਰ ਨਹੀਂ ਹਾਂ ਜੋ ਸਟੂਲ ਲਿਆ ਲਿਆ ਕੇ ਦੇਵਾਂ।"

ਕਾਰੀਗਰ ਨੇ ਆਪੇ ਪੌੜੀ ਲਿਆਂਦੀ ਅਤੇ ਚਾਰ ਪੰਜ ਮਿੰਟਾਂ ਵਿੱਚ ਦੀਵਾਰ ਤੇ ਠੋਕਾ ਠਾਕੀ ਕਰਕੇ ਚਲਦਾ ਬਣਿਆ।

ਜਦ ਮੈਂ ਸ਼ਾਮ ਨੂੰ ਘਰ ਪਹੁੰਚਿਆ ਤਾਂ ਪਤਨੀ ਦਾ ਚਿਹਰਾ ਫੁੱਲ ਵਾਂਗ ਖਿੜਿਆ ਹੋਇਆ ਸੀ। ਦੂਰੋਂ ਦੇਖ ਕੇ ਬੋਲੀ, "ਮਿਸਟਰ, ਜੋ ਕੰਮ ਤਸੀਂ ਲੋਕ ਮਹੀਨਿਆਂ ਤੱਕ ਨਹੀਂ ਕਰਵਾ ਸਕਦੇ ਉਹ ਅੱਜ ਮੈਂ ਰੋਅਬ ਮਾਰ ਕੇ 5 ਮਿੰਟਾਂ ਵਿਚ ਕਰਵਾ ਮਾਰਿਆ ਹੈ।"

"ਅੱਛਾ, ਫਿਰ ਤੇ ਅੱਜ ਮੈਂ ਵੀ, ਮੈਦਾਨ ਫਤਿਹ ਕਰ ਲਿਆ ਹੈ। ਜਿਸ ਕੁਰਸੀ ਤੇ ਅਸਲ ਵਿੱਚ ਮੈਂ ਬੈਠਦਾ ਹਾਂ, ਉਸ ਉਤੇ ਤਾਂ ਤੈਨੂੰ ਬੈਠਣਾ ਚਾਹੀਦਾ ਹੈ। ਚਲੋ ਪਹਿਲਾਂ ਤੇਰੀ ਫੋਟੋ ਦੇਖੀਏ", ਮੈਂ ਉਸ ਦੀ ਖੁਸ਼ੀ ਵਡਾਂਦੇ ਬੋਲਿਆ।

ਟੰਗੀ ਸੀਨਰੀ ਸਾਫ ਟੇਢੀ ਲੱਗੀ ਨਜ਼ਰ ਆ ਰਹੀ ਸੀ। ਮੈਂ ਉਸ ਦਾ ਦਿਲ ਰਖਦੇ ਕਿਹਾ, "ਇੰਨਾਂ ਕੁ ਟੇਢਾਪਨ ਤਾਂ ਅੱਜ ਦੇ ਜ਼ਮਾਨੇ ਵਿੱਚ ਚਲਦਾ ਹੈ, ਭਾਗਵਾਨੇ।"

ਦੂਸਰੇ ਦਿਨ ਅਸੀਂ ਸ਼ਾਮ ਦੀ ਚਾਹ ਇਕੱਠੇ ਪੀ ਰਹੇ ਸਾਂ। ਕੁਝ ਦੇਰ ਬਾਅਦ ਇਕ ਹਵਾ ਦਾ ਬੁੱਲ੍ਹਾ ਥੋੜੇ ਜੋਰ ਨਾਲ ਆਇਆ। ਫੋਟੋ ਗੱਟੀਆਂ ਅਤੇ ਮੇਖਾਂ ਸਮੇਤ ਕੰਧ ਵਿਚੋਂ ਨਿਕਲ ਕੇ ਭੁੰਜੇ ਡਿਗ ਪਈ। ਸਾਰਾ ਫਰਸ਼ ਸ਼ੀਸ਼ੇ ਦੇ ਟੁਕੜਿਆਂ ਨਾਲ ਭਰਿਆ ਪਿਆ ਸੀ।

—O—

(ਪੰਨਾ 16 ਦੀ ਬਾਕੀ)

ਵਿੱਚ ਲੈ ਆਵੇਗਾ।

ਸੁਰਜੀਤ ਗਿੱਲ ਨੇ 'ਜ਼ਖਮੀ ਅਤੀਤ' ਨੂੰ ਪੜ੍ਹਕੇ ਇੱਕ ਵੱਖਰਾ ਨਿਰਣਾ ਲਿਆ ਹੈ। ਮੈਂ ਇਸ ਨਿਰਣੇ ਨਾਲ ਸਹਿਮਤ ਤਾਂ ਹੋ ਸਕਦਾ ਹਾਂ, ਪਰ ਨਾਵਲ ਲਿਖਣ ਤੋਂ ਪਹਿਲਾਂ ਅਜਿਹਾ ਸਿੱਧ ਕਰਨਾ ਮੇਰਾ ਆਸ਼ਾ ਨਹੀਂ ਸੀ। ਉਹ ਲਿਖਦਾ ਹੈ—"ਨਾਵਲਕਾਰ ਨੇ ਪਹਿਲੀ ਵੇਰ ਅਜਿਹੇ ਪਾਤਰ ਸਿਰਜੇ ਹਨ, ਜਿਹੜੇ ਜਗੀਰ-ਦਾਰੀ ਸੋਚ ਦੀ ਲਛਮਣ ਰੇਖਾ ਟੱਪ ਕੇ ਬੁਰਜੂਵਾ ਸੋਚ ਤੇ ਅਮਲ ਨੂੰ ਗ੍ਰਹਿਣ ਕਰਦੇ ਹਨ। ਜਿੱਥੇ ਇਹ ਜਗੀਰਦਾਰੀ ਪ੍ਰਥਾ ਦੇ ਉਲਟ ਬਗਾਵਤ ਹੈ, ਉਥੇ ਬੁਰਜੂਵਾ ਪ੍ਰਥਾ ਦੀ ਖੁਦ-ਗਰਜ਼ੀ ਤੇ ਨਿਰਦਈਪੁਣੇ ਨੂੰ ਵੀ ਨੰਗਾ ਕਰਦਾ ਹੈ। ਨਾਇਕਾ ਆਪਣਾ ਨਿੱਜੀ ਜੀਵਨ ਉਸਾਰਨ ਦੀ ਖੁਦਗਰਜ਼ੀ ਅਧੀਨ ਮਾਸੂਮ ਬੱਚੇ ਤੇ ਸੱਸ ਵਲ ਨਿਰਦਈ ਹੋ ਜਾਂਦੀ ਹੈ। ਬੁਰਜੂਵਾ ਪ੍ਰਥਾ ਦੀ ਇਹੋ ਦੇਣ ਹੈ ਕਿ ਉਹ ਜਗੀਰਦਾਰੀ ਪ੍ਰਥਾ ਦੀ ਅਖੌਤੀ ਸਮੂਹਨਤਾ ਨੂੰ ਤੋੜ ਕੇ ਵਿਅਕਤੀ ਨੂੰ ਖੁਦ ਗਰਜ਼ ਬਣਾਉਂਦੀ ਹੈ। ਇਹੋ ਖੁਦਗਰਜ਼ੀ ਅੱਗੇ ਚੱਲ ਕੇ ਸਾਰੀਆਂ ਕੁਰਪਸ਼ਨਾਂ ਦਾ ਮੁੱਢ ਬੰਨ੍ਹਦੀ ਹੈ। ਇਸ ਤਰ੍ਹਾਂ ਇਹ ਨਾਵਲ ਅਣਖੀ ਦੀ ਇੱਕ ਅਹਿਮ ਪ੍ਰਾਪਤੀ ਹੈ, ਜਿਹੜੀ ਜਗੀਰਦਾਰੀ ਤੇ ਬੁਰਜੂਵਾ ਸੋਚ ਨੂੰ ਨੰਗਾ ਕਰਦੀ ਹੈ।"

—O—

ਇਹ ਪੰਜਾਬ ਦਾ ਸੂਬਾ ਅਗਾਂਹ ਸਭ ਤੋਂ
ਖੇਤੀ ਕਾਮਿਆਂ ਦੀ ਉਜਰਤ ਵੀ ਮਿਥ ਦਿਤੀ
ਉਹ ਵੀ ਘਟ ਨਾ ਸ਼ਹਿਰਾਂ ਤੋਂ ਰਹਿਣ. ਕਿਧਰੇ,
ਸੁੱਖ, ਸੁਵਿਧਾ ਜਾਕੇ ਪਿੰਡਾਂ ਦੇ ਵਿਚ ਦਿਤੀ।